ਪਿੰਡ ਮੱਤਾ ਦੇ ਲੋਕਾਂ ਨੇ ਸਮੱਸਿਆਵਾਂ ਨੂੰ ਲੈ ਕੇ ਕੀਤੀ ਇਕੱਤਰਤਾ, ਸਕੂਲ ਬਚਾਓ ਮੋਰਚੇ ਦਾ ਗਠਨ

ਪਿੰਡ ਮੱਤਾ (ਜੈਤੋ) ਵਿਖੇ ਅੰਗਰੇਜ਼ ਸਿੰਘ ਗੋਰਾ ਮੱਤਾ, ਹਰਜਿੰਦਰ ਸਿੰਘ ਫ਼ੌਜੀ, ਮਜ਼ਦੂਰ, ਕਿਸਾਨ ਤੇ ਲੋਕਾਂ ਦੀ ਇਕੱਤਰਤਾ ਮੌਕੇ। ਤਸਵੀਰ: ਗੁਰਚਰਨ ਸਿੰਘ ਗਾਬੜੀਆ

ਜੈਤੋ, 8 ਦਸੰਬਰ (ਗੁਰਚਰਨ ਸਿੰਘ ਗਾਬੜੀਆ, ਗੁਰਮੀਤਪਾਲ ਰੋੜੀਕਪੂਰਾ)- ਨੇੜੇ ਪਿੰਡ ਮੱਤਾ ਦੇ ਅੰਗਰੇਜ਼ ਸਿੰਘ ਗੋਰਾ ਮੱਤਾ, ਹਰਜਿੰਦਰ ਸਿੰਘ ਫ਼ੌਜੀ ਦੀ ਅਗਵਾਈ ਹੇਠ ਮਜ਼ਦੂਰ, ਕਿਸਾਨ, ਸਮੂਹ ਨਗਰ, ਨਗਰ ਪੰਚਾਇਤ ਦੀ ਇਕੱਤਰਤਾ ਗੁਰਦੁਆਰਾ ਬਾਬਾ ਜੀਵਨ ਸਿੰਘ ਜੀ ਵਾਲਾ ਵਿਖੇ ਹੋਈ ਜਿਸ ਵਿਚ ਸਕੂਲ ਬਚਾਓ ਮੋਰਚਾ ਬਣਾਇਆ ਗਿਆ। ਆਗੂਆਂ ਨੇ ਦੱਸਿਆ ਕਿ ਪਿੰਡ ਦੇ ਸਰਕਾਰੀ ਪ੍ਰਾਇਮਰੀ ਤੇ ਹਾਈ ਸਕੂਲ ਦੀ ਹਾਲਤ ਬਹੁਤ ਹੀ ਤਰਸਯੋਗ ਬਣੀ ਹੋਈ ਹੈ ਅਤੇ ਸਕੂਲ ਵਿਚ ਪ੍ਰਿੰਸੀਪਲ, ਵੱਖ-ਵੱਖ ਵਿਸ਼ਿਆਂ ਦੇ ਅਧਿਆਪਕ, ਕੰਪਿਊਟਰ ਅਧਿਆਪਕ ਆਦਿ ਨਾ ਹੋਣ ਕਰ ਕੇ ਬੱਚਿਆਂ ਦੀ ਪੜ੍ਹਾਈ 'ਤੇ ਬੁਰਾ ਅਸਰ ਪੈ ਰਿਹਾ ਹੈ। ਜਦ ਕਿ ਦੋ-ਤਿੰਨ ਮਹੀਨਿਆਂ ਨੂੰ ਬੱਚਿਆਂ ਦੇ ਇਮਤਿਹਾਨ ਵੀ ਆਉਣ ਵਾਲੇ ਹਨ ਪਰ ਅਧਿਆਪਕਾਂ ਦੀ ਘਾਟ ਕਾਰਨ ਉਨ੍ਹਾਂ ਦੇ ਬੱਚਿਆਂ ਨੂੰ ਭਾਰੀ ਮੁਸ਼ਕਿਲ ਪੇਸ਼ ਆ ਸਕਦੀ ਹੈ। ਉਨ੍ਹਾਂ ਦੱਸਿਆ ਕਿ ਬੱਚਿਆਂ ਦੇ ਖੇਡਾਂ ਲਈ ਗਰਾਊਂਡ, ਪੀਣ ਵਾਲੇ ਸ਼ੁੱਧ ਪਾਣੀ ਆਦਿ ਦੀ ਘਾਟ ਵੀ ਰੜਕ ਰਹੀ ਹੈ। ਜਦ ਕਿ ਸਰਕਾਰ ਬੱਚਿਆਂ ਦੇ ਉੱਜਵਲ ਭਵਿੱਖ ਲਈ ਕਈ ਤਰ੍ਹਾਂ ਦੇ ਦਾਅਵੇ ਕਰਦੀ ਹੈ ਪਰ ਸਕੂਲ ਦੇ ਸਟਾਫ਼ ਤੇ ਹੋਰ ਸਹੂਲਤਾਂ ਤੋਂ ਸੱਖਣੇ ਇਸ ਸਰਕਾਰੀ ਪ੍ਰਾਇਮਰੀ ਤੇ ਹਾਈ ਸਕੂਲ ਮੱਤਾ 'ਚ ਕਦੋਂ ਘਾਟਾ ਪੂਰੀਆਂ ਹੋਣਗੀਆਂ।

ਉਨ੍ਹਾਂ ਕਿਹਾ ਕਿ ਸਰਕਾਰ ਤੇ ਸਿੱਖਿਆ ਮਹਿਕਮਾ ਸਕੂਲ 'ਚ ਸਟਾਫ਼ ਦੀ ਘਾਟ ਤੇ ਸਮੱਸਿਆਵਾਂ ਵੱਲ ਤੁਰੰਤ ਧਿਆਨ ਦੇਵੇ। ਇਸ ਇਕੱਤਰਤਾ ਵਿਚ ਸਰਕਾਰੀ ਸਕੂਲ ਤੇ ਰਿਹਾਇਸ਼ੀ ਇਲਾਕੇ ਦੇ ਬਿਲਕੁਲ ਨਜ਼ਦੀਕ ਖੁੱਲ੍ਹੀ ਨਾਜਾਇਜ਼ ਸ਼ਰਾਬ ਦੀ ਬਰਾਂਚ ਨੂੰ ਤੁਰੰਤ ਬੰਦ ਕੀਤਾ ਜਾਵੇ। ਇਸ ਦੌਰਾਨ ਪਿੰਡ ਵਿਚ ਸਰਕਾਰੀ ਹਸਪਤਾਲ ਹੋਣ ਦੇ ਬਾਵਜੂਦ ਵੀ ਨਹੀਂ ਲੋਕਾਂ ਨੂੰ ਨਹੀਂ ਮਿਲ ਰਹੀਆਂ ਸਿਹਤ ਸਹੂਲਤਾਂ। ਜਦ ਕਿ ਰੈੱਡ ਕਰਾਸ ਕੋਲ ਚਾਰ ਕਿੱਲੇ, ਦੋ ਕਨਾਲ ਦੀ ਜ਼ਮੀਨ ਦੇ ਬਾਵਜੂਦ ਵੀ ਹਸਪਤਾਲ ਦੀ ਹਾਲਤ ਤਰਸਯੋਗ ਹੈ, ਕੋਈ ਲੈਬ ਟੈੱਸਟ ਨਹੀਂ, ਕੋਈ ਮੈਡੀਕਲ ਅਫ਼ਸਰ ਨਹੀਂ, ਕੋਈ ਐਂਬੂਲੈਂਸ ਨਹੀਂ, ਕੋਈ ਐਮਰਜੈਂਸੀ ਤੌਰ 'ਤੇ ਸਿਹਤ ਸਹੂਲਤਾਂ ਨਹੀਂ ਆਦਿ ਪਿੰਡ ਦੀਆਂ ਮੁੱਢਲੀਆਂ ਸਹੂਲਤਾਂ ਵੱਲ ਕੋਈ ਧਿਆਨ ਨਾ ਦਿੱਤਾ ਤਾਂ ਉਨ੍ਹਾਂ ਨੂੰ ਮਜਬੂਰਨ ਸਰਕਾਰ ਤੇ ਪ੍ਰਸ਼ਾਸਨ ਦੇ ਵਿਰੁੱਧ ਸੰਘਰਸ਼ ਆਰੰਭ ਕਰਨ ਲਈ ਮਜਬੂਰ ਹੋਣਾ ਪਵੇਗਾ। ਇਸ ਮੋਰਚੇ ਵਿਚ ਸਰਪੰਚ ਰਾਜਪਾਲ ਸਿੰਘ ਰਾਜੂ, ਮੈਂਬਰ ਜਗਸੀਰ ਸਿੰਘ ਖਾਲਸਾ, ਰਵਿੰਦਰ ਕੌਰ, ਹਰਜਿੰਦਰ ਕੌਰ, ਕੁਲਵੰਤ ਕੌਰ, ਸ਼ੇਰੇ ਪੰਜਾਬ ਸਾਂਝ ਕਲੱਬ ਪਿੰਡ ਮੱਤਾ ਦੇ ਆਗੂ ਜਸਕਰਨ ਮੱਤਾ, ਕਲੱਬ, ਮੋਹਤਵਰ ਬੰਦੇ, ਕਿਸਾਨ ਜਥੇਬੰਦੀਆਂ ਆਦਿ ਦੇ ਮੈਂਬਰ, ਗਗਨਦੀਪ, ਨਵਜੀਤ ਵਾਂਦਰ, ਜਗਦੀਸ਼ ਸਿੰਘ ਦੀਸ਼ਾ ਰੋਮਾਣਾ, ਮੰਗਲ ਮੱਤਾ, ਰਾਜਵੀਰ ਰਾਜਾ, ਲਖਵੀਰ ਖੀਰਾ, ਬਿੰਦਰ ਮਾਨ ਸੁੱਖਾ, ਗੁਰਸੌਦਾਗਰ, ਗੁਰਪ੍ਰੀਤ, ਅਰਸ਼ਦੀਪ, ਗੁਰਮੇਲ ਅਤੇ ਗੁਰਵਿੰਦਰ ਆਦਿ ਮੌਜੂਦ ਸਨ।

ਬੀ.ਕੇ.ਯੂ. ਲੱਖੋਵਾਲ ਸਰਕਲ-2 ਦੀ ਮੀਟਿੰਗ ਵਿਚ ਹਾਜ਼ਰ ਕਿਸਾਨ ਆਗੂ। ਤਸਵੀਰ: ਗੁਰਭੇਜ ਸਿੰਘ ਚੌਹਾਨ

ਬੀ. ਕੇ. ਯੂ. ਲੱਖੋਵਾਲ ਦੀ ਮੀਟਿੰਗ ਦੌਰਾਨ ਕਿਸਾਨਾਂ ਨੂੰ ਆ ਰਹੀਆਂ ਮੁਸ਼ਕਿਲਾਂ 'ਤੇ ਕੀਤਾ ਵਿਚਾਰ-ਵਟਾਂਦਰਾ

ਸਾਦਿਕ, 8 ਦਸੰਬਰ (ਗੁਰਭੇਜ ਸਿੰਘ ਚੌਹਾਨ)- ਅੱਜ ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਜ਼ਿਲ੍ਹਾ ਫ਼ਰੀਦਕੋਟ ਸਰਕਲ ਸਾਦਿਕ-2 ਦੀ ਮੀਟਿੰਗ ਸਰਕਲ ਪ੍ਰਧਾਨ ਲਖਵੀਰ ਸਿੰਘ ਸੰਧੂ ਬੀਹਲੇਵਾਲਾ ਦੀ ਪ੍ਰਧਾਨਗੀ ਹੇਠ ਕੀਤੀ ਗਈ, ਜਿਸ ਦੀ ਕਾਰਵਾਈ ਸਕੱਤਰ ਜਨਰਲ ਸੁਖਪਾਲ ਸਿੰਘ ਦੀਪ ਸਿੰਘ ਵਾਲਾ ਵਲੋਂ ਚਲਾਈ ਗਈ। ਮੀਟਿੰਗ ਵਿਚ ਜ਼ਿਲ੍ਹਾ ਫ਼ਰੀਦਕੋਟ ਦੇ ਸਕੱਤਰ ਭੋਲਾ ਸਿੰਘ, ਜ਼ਿਲ੍ਹਾ ਮੀਤ ਪ੍ਰਧਾਨ ਰਜਿੰਦਰ ਸਿੰਘ ਸ਼ੇਰਵਾਲਾ, ਸਿਮਰਜੀਤ ਸਿੰਘ ਬਰਾੜ ਮੀਤ ਪ੍ਰਧਾਨ ਪੰਜਾਬ ਵੀ ਹਾਜ਼ਰ ਸਨ। ਮੀਟਿੰਗ ਦੌਰਾਨ ਕਿਸਾਨਾਂ ਨੂੰ ਆ ਰਹੀਆਂ ਮੁਸ਼ਕਿਲਾਂ 'ਤੇ ਵਿਚਾਰਾਂ ਕੀਤੀਆਂ ਗਈਆਂ ਜਿਸ ਵਿਚ ਪੰਜਾਬ ਸਰਕਾਰ ਨੇ ਜੋ ਪਰਾਲੀ ਸਾੜਨ ਤੋਂ ਰੋਕਿਆ ਤੇ ਅੱਗ ਲਾਉਣ ਵਾਲੇ ਕਿਸਾਨਾਂ 'ਤੇ ਪਰਚੇ ਦਰਜ ਕੀਤੇ ਅਤੇ ਜਮਾਂਬੰਦੀਆਂ 'ਤੇ ਰੈੱਡ ਐਂਟਰੀਆਂ ਕੀਤੀਆਂ ਗਈਆਂ। ਉਨ੍ਹਾਂ ਨੂੰ ਤੁਰੰਤ ਰੱਦ ਕੀਤਾ ਜਾਵੇ। ਜੇਕਰ ਇਸ 'ਤੇ ਪੰਜਾਬ ਸਰਕਾਰ ਵਲੋਂ ਗੌਰ ਨਾ ਕੀਤੀ ਗਈ ਤਾਂ ਕਿਸਾਨ ਜਥੇਬੰਦੀ ਭਰਾਤਰੀ ਜਥੇਬੰਦੀਆਂ ਨੂੰ ਨਾਲ ਲੈ ਕੇ ਮਜਬੂਰੀ ਵੱਸ ਸੰਘਰਸ਼ ਕਰੇਗੀ। ਜਿਨ੍ਹਾਂ ਕਿਸਾਨਾਂ ਨੇ ਕਣਕ ਦੀ ਬਿਜਾਈ ਸੁਪਰਸੀਡਰ ਨਾਲ ਕੀਤੀ ਹੈ ਉਹ ਗੁਲਾਬੀ ਸੁੰਡੀ ਦੇ ਹਮਲੇ ਕਾਰਨ ਵੱਡੀ ਮਾਤਰਾ ਵਿਚ ਨੁਕਸਾਨੀ ਗਈ ਹੈ। ਉਨ੍ਹਾਂ ਕਿਸਾਨਾਂ ਨੂੰ ਦੁਬਾਰਾ ਕਣਕ ਦੀ ਬਿਜਾਈ ਲਈ ਖਰਚੇ ਦੀ ਭਰਪਾਈ ਕੀਤੀ ਜਾਵੇ, ਪਹਿਲਾਂ ਡੀ.ਏ.ਪੀ. ਖਾਦ ਦੀ ਘਾਟ ਕਾਰਨ ਕਣਕ ਦੀ ਬਿਜਾਈ ਲੇਟ ਹੋ ਗਈ ਅਤੇ ਹੁਣ ਕਿਸਾਨਾਂ ਨੂੰ ਯੂਰੀਆ ਦੀ ਬਹੁਤ ਜ਼ਰੂਰਤ ਹੈ। ਜਥੇਬੰਦੀ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਇਸ ਘਾਟ ਨੂੰ ਤੁਰੰਤ ਪੂਰਾ ਕੀਤਾ ਜਾਵੇ ਅਤੇ ਮੰਗ ਅਨੁਸਾਰ ਖੇਤੀਬਾੜੀ ਸਹਿਕਾਰੀ ਸਭਾਵਾਂ ਵਿਚ ਖਾਦ ਭੇਜੀ ਜਾਵੇ।

ਪਿੰਡ ਜਿਉਣ ਵਾਲਾ ਵਿਖੇ ਐਚ.ਡਬਲਿਊ.ਸੀ. ਹਸਪਤਾਲ ਦਾ ਨੀਂਹ ਪੱਥਰ ਰੱਖਦੇ ਹੋਏ ਐਮ.ਐਲ.ਏ. ਅਮੋਲਕ ਸਿੰਘ ਜੈਤੋ। ਨਾਲ ਮੌਜੂਦ ਸਰਪੰਚ ਬਲਦੇਵ ਸਿੰਘ ਰੋਮਾਣਾ ਤੇ ਨਗਰ ਨਿਵਾਸੀ। ਅਜੀਤ ਤਸਵੀਰ

ਪਿੰਡ ਜਿਉਣ ਵਾਲਾ ਵਿਖੇ ਵਿਧਾਇਕ ਅਮੋਲਕ ਸਿੰਘ ਨੇ ਐਚ.ਡਬਲਿਊ.ਸੀ. ਹਸਪਤਾਲ ਦਾ ਨੀਂਹ ਪੱਥਰ ਰੱਖਿਆ

ਪੰਜਗਰਾਈਂ ਕਲਾਂ, 8 ਦਸੰਬਰ (ਕੁਲਦੀਪ ਸਿੰਘ ਗੋਂਦਾਰਾ)- ਪਿੰਡ ਜਿਉਣ ਵਾਲਾ ਵਿਖੇ ਐਚ.ਡਬਲਿਊ.ਸੀ ਹਸਪਤਾਲ ਬਣਾਉਣ ਦਾ ਨੀਂਹ ਪੱਥਰ ਵਿਧਾਇਕ ਅਮੋਲਕ ਸਿੰਘ ਜੈਤੋ ਨੇ ਰੱਖਿਆ। ਵਿਧਾਇਕ ਅਮੋਲਕ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ ਲੋਕਾਂ ਨਾਲ ਜੋ ਵਾਅਦੇ ਕੀਤੇ ਹਨ ਉਹ ਹੌਲੀ ਹੌਲੀ ਪੂਰੇ ਕੀਤੇ ਜਾ ਰਹੇ ਹਨ। ਲੋਕਾਂ ਨੂੰ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਲਈ ਇਹ ਐਚ.ਡਬਲਿਊ.ਸੀ ਹਸਤਪਤਾਲ ਦਾ ਨੀਂਹ ਪੱਥਰ ਰੱਖਿਆ ਗਿਆ ਜਿਸ ਦੀ ਬਹੁਤ ਵੱਡੀ ਲੋੜ ਸੀ, ਖਾਸ ਕਰਕੇ ਗਰੀਬ ਪਰਿਵਾਰਾਂ ਨੂੰ ਇਲਾਜ ਲਈ ਦੂਰ ਜਾਣਾ ਪੈਂਦਾ ਸੀ। ਸਰਪੰਚ ਬਲਦੇਵ ਸਿੰਘ ਨੇ ਵਿਧਾਇਕ ਅਮੋਲਕ ਸਿੰਘ ਦਾ ਧੰਨਵਾਦ ਕਰਦਿਆਂ ਕਿਹਾ ਕਿ ਬਹੁਤ ਜਲਦੀ ਹਸਪਤਾਲ ਤਿਆਰ ਹੋ ਕੇ ਲੋਕਾਂ ਨੂੰ ਸਾਰੀਆਂ ਸਹੂਲਤਾਂ ਇੱਥੇ ਹੀ ਮਿਲਣਗੀਆਂ। ਇਸ ਮੌਕੇ ਲਛਮਣ ਸਿੰਘ ਭਗਤੂਆਣਾ ਚੇਅਰਮੈਨ ਜੈਤੋ, ਗੁਰਵਿੰਦਰ ਸਿੰਘ ਆਹਲੂਵਾਲੀਆ, ਸੰਜੀਵ ਕੁਮਾਰ ਬਲਾਕ ਪ੍ਰਧਾਨ ਪੰਜਗਰਾਈਂ ਕਲਾਂ, ਕੈਪਟਨ ਮੁਖਤਿਆਰ ਸਿੰਘ ਸਮਾਜ ਸੇਵੀ, ਬਲਦੇਵ ਸਿੰਘ ਡੰਡਿਆਲਾ, ਭੋਲਾ ਸਿੰਘ ਠੇਕੇਦਾਰ, ਸੋਨੂੰ ਰੋਮਾਣਾ, ਹਾਕਮ ਸਿੰਘ ਬਬਲੀ, ਕੁਲਦੀਪ ਸਿੰਘ, ਹਰਜੀਤ ਸਿੰਘ, ਗੁਰਪਿਆਰ ਸਿੰਘ, ਜਗਜੀਤ ਸਿੰਘ, ਗੁਰਨਾਮ ਸਿੰਘ, ਅਮਿਤੋਜ ਸਿੰਘ ਪੰਚ, ਸੂਬੇਦਾਰ ਗੁਰਦਿਆਲ ਸਿੰਘ, ਪਰਮਿੰਦਰ ਸਿੰਘ ਗੁੱਗਾ, ਹਾਕਮ ਸਿੰਘ ਨੰਬਰਦਾਰ, ਧਰਮ ਸਿੰਘ ਰੋਮਾਣਾ, ਗੁਰਪ੍ਰੀਤ ਸਿੰਘ ਦਾਰਾ, ਭੁਪਿੰਦਰ ਸਿੰਘ, ਗਿਆਨਜੀਤ ਸਿੰਘ, ਸੁਰਜੀਤ ਸਿੰਘ ਤੇ ਬਲਵਿੰਦਰ ਸਿੰਘ ਚੌਕੀਦਾਰ ਆਦਿ ਹਾਜ਼ਰ ਸਨ।

ਵਰ੍ਹੇਗੰਢ ਮਨਾਈ

ਕੋਚ ਜਤਿੰਦਰ ਕੁਮਾਰ ਭੋਲਾ ਭਲਵਾਨ ਤੇ ਬਲਜੀਤ ਰਾਣੀ ਵਾਸੀ ਕੋਟਕਪੂਰਾ ਨੇ ਵਿਆਹ ਦੀ 30ਵੀਂ ਵਰ੍ਹੇਗੰਢ ਮਨਾਈ।

ਸ਼ਾਮ ਸੁੰਦਰ ਰੀਹਾਨ ਤੇ ਪੁਸ਼ਪਾ ਰੀਹਾਨ ਵਾਸੀ ਫ਼ਰੀਦਕੋਟ ਨੇ ਵਿਆਹ ਦੀ 50ਵੀਂ ਵਰ੍ਹੇਗੰਢ ਮਨਾਈ।

ਵਿਸ਼ੇਸ਼ ਲੋੜਾਂ ਵਾਲੇ ਵਿਦਿਆਰਥੀ ਗੁਰਕੀਰਤ ਸਿੰਘ ਪੱਕਾ ਨੇ ਸੋਨੇ ਤੇ ਚਾਂਦੀ ਦੇ ਤਗਮੇ ਜਿੱਤੇ

ਫ਼ਰੀਦਕੋਟ, 8 ਦਸੰਬਰ (ਜਸਵੰਤ ਸਿੰਘ ਪੁਰਬਾ)- ਸਰਕਾਰੀ ਪ੍ਰਾਇਮਰੀ ਸਕੂਲ ਪੱਕਾ-2 ਦੀ ਵਿਦਿਆਰਥਣ ਵੀਰਾਂ ਕੌਰ ਨੇ ਰਾਜ ਪੱਧਰ 'ਤੇ ਕਰਾਟਿਆਂ ਤੇ ਮੁਕਾਬਲੇ 'ਚ ਤੀਜਾ ਸਥਾਨ ਹਾਸਿਲ ਕੀਤਾ। ਸਕੂਲ ਦੇ ਵਿਦਿਆਰਥੀ ਰਵੀ ਸਿੰਘ ਤੇ ਗਗਨਜੋਤ ਕੌਰ ਨੇ 600 ਮੀਟਰ 'ਚ ਰਾਜ ਪੱਧਰ 'ਤੇ ਭਾਗ ਲਿਆ ਤੇ ਵਧੀਆ ਪ੍ਰਦਰਸ਼ਨ ਕੀਤਾ। ਇਸੇ ਤਰ੍ਹਾਂ ਵਿਸ਼ੇਸ਼ ਲੋੜਾਂ ਵਾਲੇ ਸਰਕਾਰੀ ਮਿਡਲ ਸਕੂਲ ਪੱਕਾ ਤੋਂ ਅੱਠਵੀਂ ਦੀ ਪ੍ਰੀਖਿਆ ਪਾਸ ਕਰਨ ਵਾਲੇ ਵਿਦਿਆਰਥੀ ਗੁਰਕੀਰਤ ਸਿੰਘ ਨੇ ਰਾਜ ਪੱਧਰ 'ਤੇ 100 ਮੀਟਰ 'ਚ ਪਹਿਲਾ ਸਥਾਨ ਹਾਸਿਲ ਕਰਕੇ ਸੋਨੇ ਤੇ 200 ਮੀਟਰ ਦੌੜ 'ਚ ਦੂਜਾ ਸਥਾਨ ਹਾਸਿਲ ਕਰਕੇ ਚਾਂਦੀ ਦਾ ਤਗਮਾ ਜਿੱਤਿਆ। ਵਿਸ਼ੇਸ਼ ਰੂਪ 'ਚ ਗੁਰਕੀਰਤ ਸਿੰਘ ਤੇ ਵੀਰਾਂ ਕੌਰ ਦੀ ਜਿੱਤ ਦੀ ਖੁਸ਼ੀ 'ਚ ਵਿਦਿਆਰਥੀਆਂ ਨੂੰ ਖੁੱਲ੍ਹੀ ਜਿਪਸੀ 'ਚ ਖੜ੍ਹੇ ਕਰਕੇ ਪੂਰੇ ਪਿੰਡ ਅੰਦਰ ਢੋਲ ਵਜਾ ਕੇ ਗੇੜਾ ਦਿਵਾਇਆ ਗਿਆ। ਇਸ ਮੌਕੇ ਪਿੰਡ ਪੱਕਾ-1, ਪਿੰਡ ਪੱਕਾ-2 ਅਤੇ ਪਿੰਡ ਪੱਕਾ-3 ਨਿਵਾਸੀਆਂ ਨੂੰ ਰਾਜ ਪੱਧਰ 'ਤੇ ਭਾਗ ਲੈਣ ਵਾਲੇ ਅਤੇ ਰਾਜ ਪੱਧਰ 'ਤੇ ਜੇਤੂ ਰਹੇ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਤੇ ਅਧਿਆਪਕਾਂ ਨੂੰ ਵਧਾਈਆਂ ਦਿੱਤੀਆਂ। ਇਸ ਮੌਕੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੁਰਵਿੰਦਰ ਸਿੰਘ ਨੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ 2100 ਰੁਪਏ ਦੀ ਸਹਾਇਤਾ ਦਿੱਤੀ। ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਭਰਪੂਰ ਸਿੰਘ ਨੇ ਵੀ ਜੇਤੂ ਬੱਚਿਆਂ, ਅਧਿਆਪਕਾਂ ਨੂੰ ਵਧਾਈ ਦਿੰਦਿਆਂ 1100 ਰੁਪਏ ਦੀ ਸਹਾਇਤਾ ਦਿੱਤੀ। ਸਮਾਜ ਸੇਵੀ ਸੁਖਦੀਪ ਸਿੰਘ ਸੀਪਾ ਤੇ ਪੰਚਾਇਤ ਵਲੋਂ ਵਿਦਿਆਰਥੀਆਂ ਨੂੰ ਰਾਜ ਪੱਧਰ 'ਤੇ ਖੇਡਣ ਜਾਣ ਸਮੇਂ ਟਰੈਕ ਸੂਟ-ਬੂਟ ਲੈ ਕੇ ਦਿੰਦਿਆਂ ਹੌਂਸਲਾ ਅਫ਼ਜ਼ਾਈ ਕੀਤੀ ਗਈ ਸੀ। ਅੰਤ 'ਚ ਸਰਕਾਰੀ ਪ੍ਰਾਇਮਰੀ ਸਕੂਲ ਪੱਕਾ-2 ਦੇ ਮੁਖੀ ਸਰਬਜੀਤ ਕੌਰ ਨੇ ਸਭ ਦਾ ਧੰਨਵਾਦ ਕੀਤਾ। ਇਸ ਮੌਕੇ ਸਰਦੂਲ ਸਿੰਘ, ਕੁਲਵਿੰਦਰ ਸਿੰਘ ਸੰਧੂ, ਅਮਨਦੀਪ ਆਜ਼ਾਦ ਸਿੰਘ, ਗੁਰਜੰਟ ਸਿੰਘ, ਸੁਰਿੰਦਰਪਾਲ ਕੌਰ, ਰਾਜਦੀਪ ਕੌਰ ਸਰਾਂ, ਅਮਨਦੀਪ ਕੌਰ, ਰਮਨਦੀਪ ਕੌਰ, ਕੁਲਵਿੰਦਰ ਕੌਰ ਵੀ ਹਾਜ਼ਰ ਸਨ।

ਵਿਦਿਆਰਥੀ ਗੁਰਕੀਰਤ ਸਿੰਘ, ਵੀਰਾਂ ਕੌਰ, ਗਗਨਜੋਤ ਕੌਰ, ਰਵੀ ਸਿੰਘ ਨੂੰ ਸਨਮਾਨਿਤ ਕਰਦੇ ਹੋਏ ਡੀ. ਈ. ਓ. ਐਲੀਮੈਂਟਰੀ ਅੰਜਨਾ ਕੌਸ਼ਲ ਸਕੂਲ ਮੁਖੀ ਸਰਬਜੀਤ ਕੌਰ ਤੇ ਹੋਰ। ਅਜੀਤ ਤਸਵੀਰ

ਜਗਜੀਤ ਸਿੰਘ ਡੱਲੇਵਾਲ ਨੂੰ ਮਿਸਲ ਸਤਲੁਜ ਦਾ ਵਫ਼ਦ ਮਿਲਿਆ

ਫ਼ਰੀਦਕੋਟ, 8 ਦਸੰਬਰ (ਜਸਵੰਤ ਸਿੰਘ ਪੁਰਬਾ)- ਖੇਤੀ ਜਿਣਸਾਂ ਦੇ ਘੱਟੋ ਘੱਟੋ ਸਮਰਥਨ ਮੁੱਲ (ਐਮ.ਐਸ.ਪੀ.) ਅਤੇ ਮਜ਼ਦੂਰ ਵਰਗ ਦੀਆਂ ਦੀ ਮੰਗਾਂ ਨੂੰ ਲੈ ਕੇ ਮਰਨ ਵਰਤ 'ਤੇ ਬੈਠੇ ਕਿਸਾਨ ਮਜ਼ਦੂਰ ਮੋਰਚੇ ਦੇ ਆਗੂ ਜਗਜੀਤ ਸਿੰਘ ਡੱਲੇਵਾਲ ਨੂੰ ਮਿਲ ਕੇ ਆਏ ਮਿਸਲ ਸਤਲੁਜ ਦੇ ਵਫ਼ਦ ਤੋਂ ਦਵਿੰਦਰ ਸਿੰਘ ਸੋਖੋਂ ਨੇ ਦੱਸਿਆ ਕਿ ਸ: ਡੱਲੇਵਾਲ ਦੀ ਸਿਹਤ 'ਤੇ ਭੁੱਖ ਹੜਤਾਲ ਦੇ ਅਸਰ ਜ਼ਰੂਰ ਹਨ ਪਰ ਉਹ ਚੜ੍ਹਦੀ ਕਲਾ ਵਿਚ ਹਨ ਅਤੇ ਮੰਗਾਂ ਨੂੰ ਲੈ ਕੇ ਪੂਰਨ ਦ੍ਰਿੜ ਹਨ। ਭਾਵੁਕ ਹੁੰਦੇ ਹੋਏ ਗੁਰਬੀਰ ਸਿੰਘ ਬੱਬੂ ਖੋਸਾ ਨੇ ਕਿਸਾਨਾਂ ਮਜ਼ਦੂਰਾਂ ਨੂੰ ਅਪੀਲ ਕੀਤੀ ਕਿ ਸ: ਡੱਲੇਵਾਲ ਕੋਈ ਨਿੱਜੀ ਮੰਗ ਵਾਸਤੇ ਭੁੱਖ ਹੜਤਾਲ 'ਤੇ ਨਹੀਂ ਬੈਠੇ ਹਨ, ਸਾਨੂੰ ਆਪਣਾ ਫ਼ਰਜ਼ ਸਮਝਦੇ ਵੱਧ ਤੋਂ ਵੱਧ ਸਾਥ ਦੇਣਾ ਚਾਹੀਦਾ ਹੈ। ਮਿਸਲ ਸਤਲੁਜ ਕਿਸਾਨ ਵਿੰਗ ਮਾਲਵਾ ਪ੍ਰਧਾਨ ਹਰਦੇਵ ਸਿੰਘ ਘਣੀਏਵਾਲਾ ਨੇ ਕਿਹਾ ਕਿ ਪਿਛਲੇ ਦਿਨਾਂ ਵਿਚ ਜਿਸ ਪ੍ਰਕਾਰ ਝੋਨਾ ਰੁਲਿਆ ਉਸ ਤੋਂ ਸਪਸ਼ਟ ਹੁੰਦਾ ਹੈ ਕਿ ਕੇਂਦਰ ਸਰਕਾਰ ਖਰੀਦ ਪ੍ਰਬੰਧਾਂ ਤੋਂ ਭੱਜਣ ਨੂੰ ਫਿਰਦੀ ਹੈ ਤੇ ਅੱਜ ਲੋੜ ਹੈ ਕਿ ਮੋਰਚੇ ਦਾ ਵੱਧ ਤੋਂ ਵੱਧ ਸਮਰਥਨ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਜਲਦ ਹੀ ਮਿਸਲ ਸਤਲੁਜ ਵਲੋਂ ਮੋਰਚੇ ਦੇ ਸਮਰਥਨ ਵਿਚ ਜਥੇ ਭੇਜੇ ਜਾਣਗੇ। ਇਸ ਮੌਕੇ ਮਿਸਲ ਦੇ ਨੌਜਵਾਨ ਜਥੇ ਦੇ ਸਕੱਤਰ ਹਰਦੀਪ ਸਿੰਘ ਡੋਡ ਅਤੇ ਮਾਲਵਾ ਪ੍ਰਧਾਨ ਸੁਖਵਿੰਦਰ ਸਿੰਘ ਗਗਨ ਭਗਤਾ ਨੇ ਨੌਜਵਾਨਾਂ ਵੱਧ ਚੜ੍ਹਕੇ ਮੋਰਚੇ 'ਚ ਪਹੁੰਚਣ ਦੀ ਅਪੀਲ ਕੀਤੀ। ਇਸ ਮੌਕੇ ਸਿਮਰਜੀਤ ਸਿੰਘ ਡੋਡ, ਅਮਨਦੀਪ ਸਿੰਘ, ਸੁਖਜਿੰਦਰ ਸਿੰਘ ਰਾਏ ਆਦਿ ਵੀ ਹਾਜ਼ਰ ਸਨ।

ਮਿਸਲ ਸਤਲੁਜ ਦਾ ਵਫ਼ਦ, ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦਾ ਹਾਲ ਚਾਲ ਪੁੱਛਦਾ ਹੋਇਆ। ਅਜੀਤ ਤਸਵੀਰ

ਬਾਜਾਖਾਨਾ ਦੇ ਸਰਪੰਚ ਰੇਸ਼ਮ ਸਿੰਘ, ਸਰਪੰਚ ਗੁਰਵਿੰਦਰ ਸਿੰਘ ਬੱਬੂ ਢਿੱਲੋਂ ਅਤੇ ਸਰਪੰ